# ਗਰੀਨ ਦਰਿਆ ਵਿੱਚ ਹੜ੍ਹ ਆ ਗਿਆ ਹੈ

## ਤਿਆਰ ਹੋ ਜਾਓ, ਤਿਆਰ ਰਹੋ!





ਜੇ ਤੁਸੀਂ ਇਹਨਾਂ ਥਾਂਵਾਂ ਵਿੱਚ ਜਾਂ ਇਹਨਾਂ ਦੇ ਨੇੜੇ ਰਹਿੰਦੇ ਹੋ

ਔਬਰਨ (AUBURN)

ਕੈਂਟ (KENT)

ਰੈਂਟਨ (RENTON)

ਟਕਵਿਲਾ (TUKWILA)

www.kingcounty.gov/floodplans



*ਜੇ ਗ੍ਰੀਨ ਰਿਵਰ ਵਿੱਚ ਵੱਡਾ ਹੜ੍ਹ ਆ ਗਿਆ ਤਾਂ ਘਰਾਂ, ਕਾਰੋਬਾਰਾਂ ਅਤੇ ਖੇਤਾਂ ਨੂੰ ਬਹੁਤ ਨੁਕਸਾਨ ਹੋਵੇਗਾ।*

## ਤਿਆਰ ਹੋ ਜਾਓ, ਤਿਆਰ ਰਹੋ!

ਗ੍ਰੀਨ ਰਿਵਰ ਵੈਲੀ 'ਚ ਹੋਵਰਡ ਹੈਨਸਨ ਡੈਮ ਹੇਠ ਲੋਕਾਂ, ਵਿਵਸਾਇਆਂ ਅਤੇ ਖੇਤਾਂ ਨੂੰ ਤਿਆਰੀ ਕਰਨੀ ਚਾਹੀਦੀ ਹੈ ਅਤੇ ਇਸ ਸਰਦੀ 'ਚ ਹੜ੍ਹ ਦੇ ਪਾਣੀ ਲਈ ਤਿਆਰ ਰਹਿਣਾ ਚਾਹੀਦਾ ਹੈ।

ਯੂ.ਐੱਸ. ਆਰਮੀ ਕਾੱਰਪਸ ਆੱਫ਼ ਇੰਜੀਨੀਅਰਜ਼ ਨੇ ਜਨਵਰੀ 2009 'ਚ ਰਿਕਾਰਡ ਤੋੜ ਪਾਣੀ ਭਰ ਜਾਣ ਦੇ ਬਾਅਦ ਡੈਮ ਦੇ ਨਾਲ ਦੀ ਕੱਚੀ ਜ਼ਮੀਨ 'ਤੇ ਹੋਏ ਨੁਕਸਾਨ ਦੀ ਮੁਰੰਮਤ ਕਰ ਕੇ ਕੁਝ ਜੋਖਮ ਘਟਾਇਆ ਹੈ। ਹਾਲਾਂਕਿ, ਇਸਤੋਂ ਪਹਿਲਾਂ ਕਿ ਡੈਮ ਆਪਣੀ ਸੰਪੂਰਨ ਹੜ੍ਹ ਭੰਡਾਰ ਸਮਰੱਥਾ 'ਤੇ ਕੰਮ ਕਰ ਸਕੇ, ਅਜੇ ਕਾਫੀ ਕੰਮ ਬਾਕੀ ਹੈ। ਇਸਦਾ ਮਤਲਬ ਇਹ ਹੈ ਕਿ ਜੇਕਰ ਹੜ੍ਹ ਦੇ ਇਸ ਮੌਸਮ (ਲਗਭੱਗ ਅਕਤੂਬਰ ਤੋਂ ਲੈ ਕੇ ਮਾਰਚ ਤੱਕ) 'ਚ ਖੇਤਰ ਭਾਰੀ ਅਤੇ ਲੰਮੇ ਸਮੇਂ ਤੱਕ ਬਾਰਸ਼ ਦਾ ਸਾਮ੍ਹਣਾ ਕਰਦਾ ਹੈ ਤਾਂ ਨਿਚਲੀ ਘਾਟੀ - ਔਬਰਨ, ਕੈਂਟ, ਰੈਂਨਟਨ, ਅਤੇ ਟੁਕਵਿਲਾ ਦੇ ਹਿੱਸਿਆਂ ਸਮੇਤ - 'ਚ ਅਜੇ ਵੀ ਹੜ੍ਹ ਦਾ ਖਤਰਾ ਹੈ।

ਜੇਕਰ ਘਾਟੀ ਗੰਭੀਰ ਹੜ੍ਹ ਦਾ ਸਾਮ੍ਹਣਾ ਕਰਦੀ ਹੈ, ਤਾਂ ਕੁਝ ਭਾਈਚਾਰਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣਾ ਸੰਭਵ ਹੈ। ਆਵਾਜਾਈ ਦੇ ਮੁੱਖ ਰਸਤਿਆਂ ਅਤੇ ਲਾਂਘੇ ਦੀ ਸੇਵਾ 'ਚ ਰੁਕਾਵਟ ਪੈ ਸਕਦੀ ਹੈ। ਹੜ੍ਹ ਦੇ ਫ਼ੌਰੀ ਖੇਤਰ ਤੋਂ ਬਾਹਰ ਵੀ ਬਿਜਲੀ ਦਾ ਚਲੇ ਜਾਣਾ ਅਤੇ ਗੰਦੇ ਨਾਲਿਆਂ ਵਿੱਚ ਬੰਨ੍ਹ ਪੈ ਜਾਣਾ ਸੰਭਵ ਹੈ।

ਬਾਰਸ਼ ਹੋਣ 'ਤੇ ਆਪਣੇ ਪਰਵਾਰ ਅਤੇ ਜਾਇਦਾਦ ਨੂੰ ਸੁਰੱਖਿਅਤ ਰੱਖਣ 'ਚ ਮਦਦ ਕਰਨ ਲਈ ਤਿਆਰੀ ਕਰੋ ਅਤੇ ਤਿਆਰ ਰਹੋ।

ਹੋਵਰਡ ਹੈਨਸਨ ਡੈਮ ਤੱਥ ਸ਼ੀਟ

**www.nws.usace.army.mil/**

*(ਹੋਵਰਡ ਹੈਨਸਨ ਡੈਮ ਪੂਲ ਸਬੰਧੀ ਪਾਬੰਦੀ 'ਤੇ ਕਲਿੱਕ ਕਰੋ)*

## ਹੜ੍ਹ ਵਾਸਤੇ ਤਿਆਰੀ ਕਿਵੇਂ ਕਰੀਏ

1. **ਇੱਕ ਸੰਕਟਕਾਲੀ ਯੋਜਨਾ ਬਣਾਓ** ਅਤੇ ਇੱਕ ਸੰਕਟਕਾਲੀ ਕਿੱਟ ਤਿਆਰ ਕਰੋ।
2. **ਹੁਣੇ ਹੀ ਹੜ੍ਹ ਸਬੰਧੀ ਬੀਮਾ ਕਰਾਓ ਜਾਂ ਨਵਿਆਓ।** ਨਵੀਂ ਪਾਲਸੀ ਲਾਗੂ ਹੋਣ 'ਚ 30 ਦਿਨ ਲਗਦੇ ਹਨ। ਆਪਣੀ ਪਾਲਸੀ ਦੀ ਸਮੀਖਿਆ ਕਰੋ; ਇੱਕ ਮਿਆਰੀ ਪਾਲਸੀ 'ਚ ਹੜ੍ਹ ਸਬੰਧੀ ਨੁਕਸਾਨ ਸ਼ਾਮਲ ਨਹੀਂ ਹੋਵੇਗਾ। ਆਪਣੇ ਬੀਮਾ ਏਜੰਟ ਨਾਲ ਸੰਪਰਕ ਕਰੋ ਜਾਂ www.floodsmart.gov ਵੇਖੋ।
3. ਬਿਜਲੀ ਜਾਣ 'ਤੇ ਸਵੇਰੇ-ਸ਼ਾਮ ਜਰੂਰੀ ਖ਼ਬਰਾਂ ਲਈ ਵਾਧੂ ਬੈਟਰੀਆਂ ਵਾਲਾ **AM ਰੇਡੀਓ** ਜਾਂ NOAA ਮੌਸਮ ਰੇਡੀਓ **ਖਰੀਦੋ।**
4. ਜੇਕਰ ਪ੍ਰਚੰਡ ਮੌਸਮ ਦਾ ਕਿਆਸ ਲਾਇਆ ਜਾਂਦਾ ਹੈ ਤਾਂ ਜਾਣਕਾਰੀ ਲਈ **ਖੇਤਰੀ ਖ਼ਬਰ** ਮੀਡੀਆ **'ਤੇ ਨਜ਼ਰਾਂ ਰੱਖੋ।**
5. **ਨਿਕਾਸ ਦੇ ਰਸਤਿਆਂ ਬਾਰੇ ਸੁਚੇਤ ਸੁਣੋ** ਜਾਂ ਨਿਕਾਸ ਦੇ ਰਸਤੇ ਬਾਰੇ ਨਵੀਨਤਮ ਜਾਣਕਾਰੀ ਲਈ www.kingcounty.gov/floodplans ਵੇਖੋ।
6. **ਸਥਾਨਕ ਸੜਕਾਂ ਦੇ ਹਾਲਾਤ 'ਤੇ ਨਜ਼ਰ ਰੱਖੋ** ਅਤੇ ਬੰਦ ਹੋਣ ਦੇ ਚਿੰਨ੍ਹਾਂ ਦੀ ਪਾਲਣਾ ਕਰੋ।
7. ਜੇਕਰ ਤੁਹਾਡੇ ਪਰਿਵਾਰ ਦੀਆਂ ਡਾਕਟਰੀ ਜ਼ਰੂਰਤਾਂ ਹਨ ਤਾਂ **ਆਪਣੇ ਨਾਲ ਦਵਾਈਆਂ ਅਤੇ ਸਪਲਾਈਆਂ ਲੈ ਕੇ ਜਾਓ।**
8. **ਜਾਨਵਰਾਂ ਅਤੇ ਪਾਲਤੂ ਪਸ਼ੂਆਂ ਨੂੰ** ਨੁਕਸਾਨ ਦੀ ਰਾਹ ਤੋਂ ਬਾਹਰ **ਪੁਨਰ ਸਥਾਪਤ ਕਰਨ ਲਈ ਤਿਆਰ ਰਹੋ।**
9. **ਹੜ੍ਹ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਓ:**
   - ਕੀਮਤੀ ਚੀਜ਼ਾਂ ਅਤੇ ਇਲੈੱਕਟ੍ਰੌਨਿਕਸ ਦੇ ਸਾਮਾਨ ਨੂੰ ਹੇਠਲੀ ਮੰਜ਼ਲ 'ਤੇ ਉੱਚੀ ਥਾਂ 'ਤੇ, ਜਾਂ ਆਪਣੇ ਪੜਛੱਤੇ 'ਚ ਰੱਖੋ।
   - ਰਸਾਇਣਾਂ ਨੂੰ ਹੜ੍ਹ ਦੇ ਸੰਭਾਵੀ ਪੱਧਰ ਤੋਂ ਉੱਪਰ ਰੱਖੋ; ਔਬਰਨ ਸੁਪਰਮਾੱਲ 'ਚ ਵੇਸਟਮੋਬਾਇਲ ਵਿਖੇ ਉਹਨਾਂ ਨੂੰ ਨਵਿਆਓ ਜਾਂ ਨਸ਼ਟ ਕਰੋ।
   - ਇਹ ਯਕੀਨੀ ਬਣਾਓ ਕਿ ਜ਼ਮੀਨਦੋਜ਼ ਭੰਡਾਰ ਟੈਂਕੀਆਂ ਸੀਲਬੰਦ ਅਤੇ ਸੁਰੱਖਿਅਤ ਹਨ।
   - ਜੇਕਰ ਹੜ੍ਹ ਦਾ ਸਾਮ੍ਹਣਾ ਕਰਨ ਲਈ ਲੋੜ ਪਵੇ ਤਾਂ ਰੇਤ ਦੀਆਂ ਬੋਰੀਆਂ ਦੀ ਵਰਤੋਂ ਕਰਨ ਦਾ ਤਰੀਕਾ ਸਿੱਖੋ ਅਤੇ ਸਮੇਂ ਤੋਂ ਪਹਿਲਾਂ ਪਤਾ ਕਰੋ ਕਿ ਤੁਸੀਂ ਇਹਨਾਂ ਨੂੰ ਕਿਥੋਂ ਖਰੀਦ ਸਕਦੇ ਜਾਂ ਪ੍ਰਾਪਤ ਕਰ ਸਕਦੇ ਹੋ।
   - ਗੱਡੀਆਂ ਅਤੇ ਸਾਜ਼ੋ-ਸਾਮਾਨ ਨੂੰ ਹੜ੍ਹ ਦਾ ਪਾਣੀ ਵਧਣ ਤੋਂ ਪਹਿਲਾਂ ਉੱਚੀ ਥਾਂ 'ਤੇ ਲੈ ਜਾਓ।
   - ਤੂਫ਼ਾਨ ਲਈ ਬਣੀਆਂ ਨਾਲ਼ੀਆਂ ਨੂੰ ਪੱਤਿਆਂ ਅਤੇ ਦੂਜੇ ਮਲਬੇ ਤੋਂ ਮੁਕਤ ਰੱਖੋ।
   - ਪਤਾ ਕਰੋ ਕਿ ਹੜ੍ਹ ਕਰਕੇ ਘਰਾਂ ਅਤੇ ਕਾਰੋਬਾਰਾਂ ਵਿੱਚ ਗੰਦੇ ਨਾਲਿਆਂ ਦਾ ਪਾਣੀ ਵੜ ਜਾਣ 'ਤੇ ਕਿਸਨੂੰ ਫ਼ੋਨ ਕਰਨਾ ਹੈ ਅਤੇ ਆਪਣਾ ਬਚਾਓ ਕਿਵੇਂ ਕਰਨਾ ਹੈ।

ਗਰੀਨ ਰਿਵਰ ਵੈਲੀ ਫਲੱਡ ਸੇਫ਼ਟੀ
www.kingcounty.gov/floodplans

# ਹੜ੍ਹ ਯੋਜਨਾਬੰਦੀ ਅਤੇ ਕਾਰਵਾਈ

ਹੜ੍ਹ ਵਾਸਤੇ ਤਿਆਰੀ ਕਿਵੇਂ ਕਰੀਏ
**www.kingcounty.gov/floodplans**

ਰਾਸ਼ਟਰੀ ਹੜ੍ਹ ਬੀਮਾ ਪ੍ਰੋਗਰਾਮ
**1-888-379-9531**
**www.floodsmart.gov**

ਵਾਸ਼ਿੰਗਟਨ ਸਟੇਟ ਇੰਸ਼ਿਉਰੰਸ ਕਮਿਸ਼ਨਰ
**1-800-562-6900**
**www.insurance.wa.gov**

ਰੇਤ ਦੀਆਂ ਬੋਰੀਆਂ ਬਾਰੇ ਸੰਕਟਕਾਲੀ ਜਾਣਕਾਰੀ
(ਹੜ੍ਹ ਦੇ ਦੌਰਾਨ ਖੁੱਲ੍ਹੀ)
**206-296-4535 ਜਾਂ 1-800-945-9263**

3 ਦਿਨ 3 ਤਰੀਕੇ
**www.3days3ways.org**

ਟੇਕ ਵਿੰਟਰ ਬਾਇ ਸਟੌਰਮ
**www.takewinterbystorm.org**

ਗੰਦੇ ਨਾਲ਼ਿਆਂ ਦਾ ਉੱਛਲਣਾ
**www.kingcounty.gov/SewageSpills**

ਮੈਟਰੋ ਆਵਾਜਾਈ 'ਚ ਰੁਕਾਵਟ
**www.kingcounty.gov/metro**

ਕਿੰਗ ਕਾਉਂਟੀ ਰੋਡ 24/7 ਹੈੱਲਪਲਾਈਨ
**206-296-8100 ਜਾਂ 1-800-KC-ROADS**

ਕਿੰਗ ਕਾਉਂਟੀ ਮਾਈ ਕਮਿਊਟ ਨਕਸ਼ਾ
**www.kingcounty.gov/mycommute**

ਕਿੰਗ ਕਾਉਂਟੀ ਰੋਡ ਐਲਰਟ (ਗਾਹਕ ਬਣੋ)
**www.kingcounty.gov/roadalert**

ਖਤਰਨਾਕ ਕਚਰੇ ਦਾ ਨਿਪਟਾਰਾ (ਘਰੇਲੂ ਜਾਂ ਕਾਰੋਬਾਰੀ)
**206-296-4692, ਮੁਫ਼ਤ 1-888-869-4233**

www.lhwmp.org/home/

### ਅਮਰੀਕੀ ਰੈੱਡ ਕਰਾੱਸ

### ਕਿੰਗ ਅਤੇ ਕਿਟਸੈਪ ਕਾਉਂਟੀਆਂ ਦੀ ਸੇਵਾ ਵਿੱਚ

**206-323-2345 ਜਾਂ 360-377-3761**
**www.seattleredcross.org**

## ਹੜ੍ਹ ਦੀ ਚੇਤਾਵਨੀ/ਨਿਗਰਾਨੀ-ਸਬੰਧੀ ਜਾਣਕਾਰੀ

### ਕਿੰਗ ਕਾਉਂਟੀ ਫਲੱਡ ਅਲੱਰਟਸ

**www.kingcounty.gov/flood ਜਾਂ 206-263-3400.**
ਫ਼ੋਨ, ਲਿਖਤ ਜਾਂ ਈ-ਮੇਲ ਰਾਹੀਂ ਹੜ੍ਹ ਸਬੰਧੀ ਆਪਣੇ ਆਪ ਮਿਲਣ ਵਾਲੇ ਸੁਚੇਤਾਂ ਲਈ ਸਾਈਨ ਅਪ ਕਰੋ।

### ਕਿੰਗ ਕਾਉਂਟੀ ਫਲੱਡ ਵਾਰਨਿੰਗ ਸੈਂਟਰ

**206-296-4535 ਜਾਂ 1-800-768-7932**
ਜਿੱਥੇ ਹੜ੍ਹ ਦੇ ਦੌਰਾਨ ਸਵਾਲਾਂ ਦੇ ਜਵਾਬ ਦੇਣ ਅਤੇ ਜਾਣਕਾਰੀ ਮੁਹੱਈਆ ਕਰਨ ਲਈ 24 ਘੰਟੇ ਕਰਮਚਾਰੀ ਮੌਜੂਦ ਰਹਿੰਦੇ ਹਨ

### ਕਿੰਗ ਕਾਉਂਟੀ ਫਲੱਡ ਵਾਰਨਿੰਗ ਜਾਣਕਾਰੀ ਲਾਈਨ

**206-296-8200 ਜਾਂ 1-800-945-9263**
ਖੇਤਰ ਦੇ ਦਰਿਆਵਾਂ ਲਈ ਹੜ੍ਹ ਦੇ ਦੌਰ ਬਾਰੇ ਰਿਕਾਰਡ ਕੀਤੀ ਗਈ ਜਾਣਕਾਰੀ

### ਕਿੰਗ ਕਾਉਂਟੀ ਫਲੱਡ ਵਾਰਨਿੰਗ ਸਿਸਟਮ

ਨਾਲ਼ੋ ਨਾਲ ਪ੍ਰਸਾਰਿਤ ਕੀਤੇ ਜਾਂਦੇ ਹੜ੍ਹ ਮਾਪਕ ਅੰਕੜੇ ਅਤੇ ਹੜ੍ਹ ਦੇ ਦੌਰ ਬਾਰੇ ਜਾਣਕਾਰੀ।

### ਖੇਤਰੀ ਜਨਤੱਕ ਸੂਚਨਾ ਨੈਟਵਰਕ

**www.rpin.org**
ਹੜ੍ਹ ਅਤੇ ਦੂਜੇ ਸੰਕਟਕਾਲਾਂ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰਨ ਲਈ ਸਾਈਨ ਅਪ ਕਰੋ।

### ਰਾਸ਼ਟਰੀ ਮੌਸਮ ਸੇਵਾ ਪੂਰਵ ਅਨੁਮਾਨ ਦਫ਼ਤਰ

**www.wrh.noaa.gov/sew/**

ਪਤਾ ਕਰੋ ਕਿ ਕੀ ਭਾਰੀ ਬਾਰਸ਼ ਦਾ ਕਿਆਸ ਹੈ, ਅਤੇ ਕੀ ਗਰੀਨ ਦਰਿਆ ਹੜ੍ਹ ਸਬੰਧੀ ਨਿਗਰਾਨੀ ਹੇਠ ਹੈ।

### ਸਮਾਜਕ ਮੀਡੀਆ

**twitter.com/kcalerts**
ਨਾਲੋ ਨਾਲ ਪ੍ਰਸਾਰਿਤ ਕੀਤੀਆਂ ਜਾਂਦੀਆਂ ‘‘ਟਵੀਟਸ’’ ਦੁਆਰਾ ਹੜ੍ਹ ਬਾਰੇ ਨਵੀਂ ਜਾਣਕਾਰੀ ਪ੍ਰਾਪਤ ਕਰਨ ਲਈ ਸਾਈਨ ਅਪ ਕਰੋ।



*ਹੋਵਰਡ ਹੈਨਸਨ ਡੈਮ ਦੇ ਕੋਲ ਚੱਲ ਰਹੀ ਮੁਰੰਮਤ ਦਾ ਇਹ ਮਤਲਬ ਹੈ ਕਿ ਗਰੀਨ ਦਰਿਆ ਦੀ ਘਾਟੀ ਦੇ ਨਿਚਲੇ ਇਲਾਕਿਆਂ ਦੇ ਨਿਵਾਸੀਆਂ ਨੂੰ ਸੰਭਾਵੀ ਹੜ੍ਹ ਲਈ ਤਿਆਰੀ ਕਰਨੀ ਚਾਹੀਦੀ ਹੈ।*

ਇਹ ਜਾਣਕਾਰੀ ਵਿਕਲਪਕ ਰੂਪਾਂ 'ਚ ਉਪਲਬਧ ਹੈ। **206-296-8001** 'ਤੇ ਫ਼ੋਨ ਕਰੋ ਜਾਂ **TTY 711**